CGIL
FLAI
FEDERAZIONE
LAVORATORI
AGROINDUSTRIA
MODENA

# ਗਾਈਡ
## ਛੋਟੇ ਪਰਿਵਾਰ ਲਈ ਖੇਤੀਬਾੜੀ ਦਾ ਬੇਰੁਜ਼ਗਾਰੀ ਭੱਤਾ

FLAI ਆਪਣੇ ਜੇਬ ਵਿੱਚ

# ਇੰਡੈਕਸ


**ਖੇਤੀਬਾੜੀ ਬੇਰੁਜ਼ਗਾਰੀ**

1 ਇਹ ਕੀ ਹੈ?
1 ਕੌਣ ਇਸਦਾ ਉਮੀਦਵਾਰ ਬਣ ਸਕਦਾ ਹੈ?
2 ਲੋੜਾਂ
2 ਕਿਤਨਾ ਹੋਵੇਗਾ
3 ਪੇਸ਼ਕਾਰੀ ਦੀ ਮਿਆਦ
3 ਭੁਗਤਾਨ ਕਿਵੇਂ ਪ੍ਰਾਪਤ ਹੋਵੇਗਾ?

**ਛੋਟੇ ਪਰਿਵਾਰ ਲਈ ਚੈੱਕ ਜਾ ਮੁਆਵਜ਼ਾ**

4 ਇਹ ਕੀ ਹੈ?
4 ਛੋਟੇ ਪਰਿਵਾਰ ਦਾ ਆਕਾਰ
5 ਪੇਸ਼ਕਾਰੀ ਦੀ ਮਿਆਦ
5 ਭੁਗਤਾਨ ਕਿਵੇਂ ਪ੍ਰਾਪਤ ਹੋਵੇਗਾ?

# ਖੇਤੀਬਾੜੀ ਬੇਰੁਜ਼ਗਾਰੀ

## ਇਹ ਕੀ ਹੈ?

ਖੇਤੀਬਾੜੀ ਬੇਰੁਜ਼ਗਾਰੀ ਲਈ INPS (ਸਮਾਜਿਕ ਸੁਰੱਖਿਆ ਦੇ ਨੈਸ਼ਨਲ ਇੰਸਟੀਚਿਊਟ) ਵੱਲੋਂ ਇੱਕ ਭੱਤਾ ਮੁਹਈਆ ਹੈ, ਜਿਸ ਦੇ ਅਧੀਨ ਉਹ ਵਰਕਰ ਜਾਂ ਕਰਮਚਾਰੀ, ਜੋ ਖੇਤੀਬਾੜੀ ਵਰਕਰ ਸੂਚੀ ਦੇ ਨਾਮ ਵਿੱਚ ਦਰਜ ਹਨ,ਦਾ ਲਾਭ ਉਠਾਉਣ ਦੇ ਹੱਕਦਾਰ ਹਨ।
ਅਸਲ ਵਿਚ, ਖੇਤੀਬਾੜੀ ਵਰਕਰ ਜੋ ਸਥਿਰ ਤੋਰ ਤੇ ਦਹ ਕੰਮ ਕਰਦੇ ਹਨ ਉਹਨਾਂ ਦੇ ਨਾਮ ਹੀ ਉਚਿਤ ਸੂਚੀ, ਜੋ ਕਿ ਮਾਲਕਾਂ ਦੇ ਵੱਲੋਂ ਭੇਜੇ ਤਿਮਾਹੀ ਬਿਆਨ ਦੇ ਆਧਾਰ 'ਤੇ INPS ਵੱਲੋਂ ਤਆਰ ਕੀਤੀ ਜਾਂਦੀ ਹੈ, ਵਿੱਚ ਦਰਜ ਹੁੰਦੇ ਹਨ

## ਕੌਣ ਇਸਦਾ ਉਮੀਦਵਾਰ ਬਣ ਸਕਦਾ ਹੈ?

- ਸਥਿਰ ਤੋਰ ਤੇ ਕੰਮ ਕਰਨ ਵਾਲੇ ਵਰਕਰ
- ਛੋਟੇ ਕਿਸਾਨ
- ਨਾਲ ਭਾਗੀਦਾਰ ਪਰਿਵਾਰਿਕ ਮੈਂਬਰ
- ਛੋਟੇ ਕਿਸਾਨ, ਜੋ ਕਿ ਸੂਚੀ ਵਿੱਚ ਸੇਵੀ ਯੋਗਦਾਨ ਰਾਹੀਂ 51 ਦਿਨ ਤੋਂ ਰਜਿਸਟਰ ਹੋਣ
- ਸਥਿਰ ਤੋਰ ਤੇ ਕੰਮ ਕਰਨ ਵਾਲੇ ਖੇਤੀਬਾੜੀ ਵਰਕਰ ਜਿਨਾਂ ਨੇ ਦੱਸੇ ਸਾਲ ਦੇ ਦੌਰਾਨ ਕੰਮ ਕੀਤਾ ਹੋਵੇ।

## ਲੋੜਾਂ

- ਪੂਰੇ ਇੱਕ ਸਾਲ ਤੋਂ ਸਥਿਰ ਤੌਰ ਤੇ ਕੰਮ ਕਰਦੇ ਹੋਣਾ, ਖੇਤੀਬਾੜੀ ਵਰਕਰ ਕਰਮਚਾਰੀ ਦੇ ਨਾਮ ਦੀ ਸੂਚੀ ਵਿੱਚ ਰਜਿਸਟਰੇਸ਼ਨ ਹੋਣਾ
- ਘੱਟੋ-ਘੱਟ ਦੋ ਸਾਲ ਦੀ ਮਿਆਦ ਦਾ ਅਣਇੱਛਤ ਬੇਰੁਜ਼ਗਾਰੀ ਲਈ ਕੀਤਾ ਬੀਮਾ (ਘੱਟੋ-ਘੱਟ ਦੋ ਸਾਲ ਤੋਂ ਖੇਤੀਬਾੜੀ ਵਰਕਰ ਕਰਮਚਾਰੀ ਦੇ ਨਾਮ ਦੀ ਸੂਚੀ ਵਿੱਚ ਰਜਿਸਟਰੇਸ਼ਨ ਦੇ ਅਧੀਨ ਟੈਕਸ ਦਿੱਤਾ ਹੋਵੇ ਜਾਂ ਯੋਗਤਾ ਸਾਲਾਂ ਵਾਸਤੇ ਖੇਤੀਬਾੜੀ ਤੋਂ ਇਲਾਵਾ ਕੀਤੇ ਕੰਮ ਦੇ ਟੈਕਸ ਅਤੇ ਅਣਇੱਛਤ ਬੇਰੁਜ਼ਗਾਰੀ ਲਈ ਕੀਤੇ ਬੀਮਾ ਦਾ ਸਹੀ ਤਰੀਕੇ ਨਾਲ ਭੁਗਤਾਨ ਕੀਤਾ ਹੋਵੇ।)
- ਪਿਛਲੇ ਦੋ ਸਾਲਾਂ ਤੋਂ ਘੱਟੋ-ਘੱਟ 102 ਦਿਨਾਂ ਦੇ ਰੋਜ਼ਾਨਾ ਟੈਕਸ ਦਾ ਯੋਗਦਾਨ ਜਿਸ ਦਾ ਪਿਛਲੇ ਸਾਲ ਦੀ  indennità ਵਿੱਚ ਦਰਜ ਹੋਣਾ ਜ਼ਰੂਰੀ ਹੈ (ਗੈਰ-ਖੇਤੀ-ਬਾੜੀ  ਰੁਜ਼ਗਾਰ ਦੇ ਭਰੇ ਹੋਏ ਪਿਛਲੇ ਯੋਗਦਾਨ ਦੁਆਰਾ ਇਸ ਅਰਜ਼ੀ ਨੂੰ ਹੋਰ ਚੰਗਾ ਬਣਾਇਆ ਜਾ ਸਕਦਾ ਹੈ ਕਿਉਂਕਿ ਖੇਤੀਬਾੜੀ ਦਾ ਯੋਗਦਾਨ ਸਿਰਫ ਪਿਛਲੇ ਦੋ ਸਾਲ ਦਾ ਹੀ ਲਾਜ਼ਮੀ ਹੈ।)

## ਕਿਤਨਾ ਹੋਵੇਗਾ

- ਦਿਨਾਂ ਦੀ ਗਿਣਤੀ ਲਈ ਜੋ ਕਿ ਬਰਾਬਰ ਹੋਵੇ ਪਿਛਲੇ ਸਾਲ ਦੇ ਉਹਨਾਂ ਦਿਨਾਂ ਦੇ ਜਿਸ ਦੌਰਾਨ ਕੰਮ ਕੀਤਾ ਹੋਵੇ ਅਤੇ ਜਿਸ ਉਤੇ ਅਧਾਰਤ ਬੇਰੁਜ਼ਗਾਰੀ ਭੱਤੇ ਦੀ ਅਰਜ਼ੀ ਹੋਵੇ, ਵੱਧ ਤੋਂ ਵੱਧ 365 (366) ਸਾਲਾਨਾ ਦਿਨਾਂ ਦੀ ਸੀਮਾ ਦੇ ਅੰਦਰ ਜਿਨਾਂ ਵਿੱਚੋਂ ਖੇਤੀ-ਬਾੜੀ ਜਾ ਗੈਰ-ਖੇਤੀਬਾੜੀ ਦੇ ਕੰਮ ਦੇ ਦਿਨਾਂ ਨੂੰ ਘਟਾਉਣਾ ਪਵੇਗਾ, ਜਿਨਾਂ ਦਿਨਾਂ ਵਿੱਚ ਕੰਮ ਕੀਤਾ ਉਹ, ਬਾਕੀ ਦਿਨ ਜਿਵੇਂ ਕਿ ਬੀਮਾਰੀ, ਜਣੇਪਾ ਅਤੇ ਕੋਈ ਅਣਹੋਣੀ ਘਟਨਾ ਆਦਿ ਦੇ ਤੌਰ , ਨੂੰ ਮੁਆਵਜ਼ੇ ਦੇ ਦਿਨਾਂ ਵਿੱਚ ਨਹੀਂ ਗਿਣਿਆ ਜਾਵੇਗਾ ਆਦਿ।
- ਹਵਾਲਾ ਤਨਖਾਹ ਦੇ **40%** ਦੀ ਹੱਦ.

## ਪੇਸ਼ਕਾਰੀ ਦੀ ਮਿਆਦ

**ਆਉਣ ਵਾਲੇ ਸਾਲ ਦੀ 31ਮਾਰਚ ਦੇ ਅੰਦਰ ਜਿਸ ਵਿੱਚ ਬੇਰੁਜ਼ਗਾਰੀ ਦੀ ਪੁਸ਼ਟੀ ਹੋਵੇ, ਖੇਤੀਬਾੜੀ ਬੇਰੁਜ਼ਗਾਰੀ ਮੁਆਵਜ਼ੇ ਦੀ ਅਰਜ਼ੀ ਨੂੰ ਪੇਸ਼ ਕਰਨਾ ਹੋਵੇਗਾ।**

*(ਉਦਾਹਰਨ: ਸਾਲ 2016 ਦੀ ਬੇਰੁਜ਼ਗਾਰੀ ਅਰਜ਼ੀ ਨੂੰ ਸਾਲ 2017 ਦੀ 31 ਮਾਰਚ ਦੇ ਅੰਦਰ ਹੀ ਕਰਨਾ ਹੋਵੇਗਾ)।*

## ਭੁਗਤਾਨ ਕਿਵੇਂ ਪ੍ਰਾਪਤ ਹੋਵੇਗਾ?

ਭੁਗਤਾਨ ਇੱਕਮਾਤਰ ਰਾਸਤੇ ਦੇ ਰਾਹੀਂ ਪ੍ਰਾਪਤ ਹੋਵੇਗਾ:

- ਖਾਤੇ ਦੇ ਰਾਹੀਂ : c/c ਬੈਂਕ ਜਾਂ ਡਾਕਖ਼ਾਨੇ ਦਾ; ਡਾਕ ਬੱਚਤ ਖਾਤਾ ਕਾਪੀ; IBAN ਨਾਲ ਭੁਗਤਾਨ ਕਾਰਡ ਜਿਸ ਦਾ ਮਾਲਿਕ ਅਰਜ਼ੀ ਭਰਨ ਵਾਲਾ ਆਪ ਹੋਵੇ;
- Bonifico domiciliato ( ਤੁਹਾਡੇ ਖਾਤੇ ਵਿੱਚ ਆ ਜਾਣਗੇ )ਡਾਕ ਬੱਚਤ ਖਾਤੇ ਵਿੱਚ ਪੋਸਟ ਆਫਿਸ ਤੋਂ ਲੈ ਸਕਦੇ ਹੋ (ਕੇਵਲ ਨਿਯਮਾਂ ਦੀ ਸੀਮਾ ਦੇ ਅੰਦਰ ਕੀਤੇ ਭੁਗਤਾਨ)।

# ਛੋਟੇ ਪਰਿਵਾਰ ਲਈ ਚੈੱਕ ਜਾ ਮੁਆਵਜਾ

## ਇਹ ਕੀ ਹੈ?

ਛੋਟੇ ਪਰਿਵਾਰ ਲਈ ਚੈੱਕ ਇੱਕ ਮੁਆਵਜਾ ਹੈ ਜੋ ਕਿ ਕਰਮਚਾਰੀਆਂ ਦੇ ਪਰਿਵਾਰ ਦੇ ਸਹਿਯੋਗ ਲਈ ਹੈ, ਕਾਰਗੁਜ਼ਾਰੀ ਦੇ ਧਾਰਕ ਜੋ ਕਿ ਲਾਜ਼ਮੀ ਆਮ ਬੀਮੇ ਉਪਰ ਨਿਰਭਰ ਹਨ ਅਤੇ ਉਹਨਾਂ ਦੀ ਆਮਦਨ, ਕਾਨੂੰਨ ਦੁਆਰਾ ਨਿਰਧਾਰਿਤ ਹਰ ਸਾਲ ਦੇ ਨਿਯਮਾਂ ਦੇ ਅਨੁਸਾਰ ਹੈ।

**ਛੋਟੇ ਪਰਿਵਾਰ ਲਈ ਭੱਤਾ ਦੀ ਅਰਜ਼ੀ ਖੇਤੀਬਾੜੀ ਬੇਰੁਜ਼ਗਾਰੀ ਮੁਆਵਜੇ ਦੀ ਅਰਜ਼ੀ ਦੇ ਨਾਲ ਲਗਾਈ ਜਾ ਸਕਦੀ ਹੈ.**

ਛੋਟੇ ਪਰਿਵਾਰ ਦੇ ਲਈ ਭੱਤਾ ਕੰਮ ਦੇ ਸਾਲਾਨਾ ਦਿਨਾਂ ਦੇ ਹਿਸਾਬ ਨਾਲ ਗਿਣਿਆ ਜਾਵੇਗਾ,ਜਿਨਾਂ ਦੀ ਪ੍ਰਤੀਸ਼ਤਤਾ ਛੁੱਟੀ ਅਤੇ ਛੁੱਟੀ ਦੇ ਤੌਰ ਤੇ ਬਿਤਾਏ ਦਿਨ ਤੋਂ ਵੱਧ ਹੋਣੀ ਚਾਹੀਦੀ ਹੈ.

## ਛੋਟੇ ਪਰਿਵਾਰ ਦਾ ਆਕਾਰ

ਛੋਟੇ ਪਰਿਵਾਰ ਦੇ ਮੁਆਵਜੇ ਦੀ ਹੱਦ ਪਰਿਵਾਰ ਦੀ ਕਿਸਮ, ਜੀਆਂ ਦੀ ਗਿਣਤੀ ਅਤੇ ਪਰਿਵਾਰ ਦੀ ਆਮਦਨ ਉਤੇ ਨਿਰਭਰ ਕਰਦੀ ਹੈ।

## ਪੇਸ਼ਕਾਰੀ ਦੀ ਮਿਆਦ

**ਆਉਣ ਵਾਲੇ ਸਾਲ ਦੀ 31ਮਾਰਚ ਦੇ ਅੰਦਰ ਜਿਸ ਵਿੱਚ ਬੇਰੁਜ਼ਗਾਰੀ ਦੀ ਪੁਸ਼ਟੀ ਹੋਵੇ, ਪਰਵਾਰਿਕ ਮੁਆਵਜ਼ੇ ਦੀ ਅਰਜ਼ੀ ਨੂੰ ਪੇਸ਼ ਕਰਨਾ ਹੋਵੇਗਾ।**

## ਭੁਗਤਾਨ ਕਿਵੇਂ ਪ੍ਰਾਪਤ ਹੋਵੇਗਾ?

ਭੁਗਤਾਨ ਇੱਕਮਾਤਰ ਰਾਸਤੇ ਦੇ ਰਾਹੀਂ ਪ੍ਰਾਪਤ ਹੋਵੇਗਾ:

- ਖਾਤੇ ਦੇ ਰਾਹੀਂ : c/c ਬੈਂਕ ਜਾਂ ਡਾਕਖ਼ਾਨੇ ਦਾ; ਡਾਕ ਬੱਚਤ ਖਾਤਾ ਕਾਪੀ; IBAN ਨਾਲ ਭੁਗਤਾਨ ਕਾਰਡ ਜਿਸ ਦਾ ਮਾਲਿਕ ਅਰਜ਼ੀ ਭਰਨ ਵਾਲਾ ਆਪ ਹੋਵੇ;
- Bonifico domiciliato ( ਤੁਹਾਡੇ ਖਾਤੇ ਵਿੱਚ ਆ ਜਾਣਗੇ )ਡਾਕ ਬੱਚਤ ਖਾਤੇ ਵਿੱਚ ਪੋਸਟ ਆਫਿਸ ਤੋਂ ਲੈ ਸਕਦੇ ਹੋ(ਕੇਵਲ ਨਿਯਮਾਂ ਦੀ ਸੀਮਾ ਦੇ ਅੰਦਰ ਕੀਤੇ ਭੁਗਤਾਨ)।

**ਛੋਟੇ ਪਰਿਵਾਰ ਲਈ ਭੱਤਾ ਦੀ ਅਰਜ਼ੀ  ਖੇਤੀਬਾੜੀ ਬੇਰੁਜ਼ਗਾਰੀ ਮੁਆਵਜੇ ਦੀ ਅਰਜ਼ੀ ਕਰਮਚਾਰੀ ਆਪਣੇ  ਨਜਦੀਕੀ ਕਿਸੇ FLAI CGIL ਦੀ ਸ਼ਾਖਾ ਵਿੱਚ ਜਾ ਕੇ ਕਰ ਸਕਦਾ ਹੈ।**

CGIL

FLAI

FEDERAZIONE
LAVORATORI
AGROINDUSTRIA
MODENA

# SIAMO IN TUTTA LA PROVINCIA

**Sede provinciale a Modena**
Piazza Cittadella, 36 • Modena
Tel. 059.326252 • Fax 059.2059782
e-mail: mo_flai@er.cgil.it

Siamo anche a
**Carpi, Castelfranco, Castelnuovo Rangone, Finale Emilia, Formigine, Mirandola, Pavullo, Vignola**

**RIFERIMENTI ON LINE**